# नचना मईया दे द्वार

ਨੀ ਮੈਂ ਨੱਚਣਾ, ਮਈਆ ਦੇ ਦਵਾਰ,
ਅੱਜ ਮੈਨੂੰ ਨੱਚ ਲੈਣ ਦੇ।
ਨੱਚ ਲੈਣ ਦੇ ਨੀ ਮੈਨੂੰ, ਨੱਚ ਲੈਣ ਦੇ।
ਮੈਨੂੰ ਮਈਆ ਨਾਲ,,, ਜੈ ਹੋ ||| ਹੋ ਗਿਆ ਪਿਆਰ,
ਅੱਜ ਮੈਨੂੰ ਨੱਚ ਲੈਣ ਦੇ,,,
ਨੀ ਮੈਂ ਨੱਚਣਾ, ਮਈਆ ਦੇ,,,,,,,,,,,,,,,
^
ਮਾਂ ਦੀ ਸੂਰਤ, ਹੈ ਮਨਮੋਹਣੀ।
ਕੁੱਲ ਦੁਨੀਆਂ ਵਿੱਚ, ਹੋਰ ਨੀ ਹੋਣੀ॥
ਨੀ ਮੈਂ ਕਰਦੀ,,, ਜੈ ਹੋ ||| ਰਹਾਂ ਦੀਦਾਰ,
ਅੱਜ ਮੈਨੂੰ ਨੱਚ ਲੈਣ ਦੇ,,,
ਨੀ ਮੈਂ ਨੱਚਣਾ, ਮਈਆ ਦੇ,,,,,,,,,,,,,,,
^
ਪੈਰਾਂ ਦੇ ਵਿੱਚ, ਘੁੰਘਰੂ ਬੰਨ੍ਹ ਕੇ।
ਆਪਣੀ ਮਈਆ ਦੀ, ਜੋਗਣ ਬਣ ਕੇ॥
ਨੀ ਮੈਂ ਨੱਚਣਾ,,, ਜੈ ਹੋ ||| ਵਿੱਚ ਦਰਬਾਰ,
ਅੱਜ ਮੈਨੂੰ ਨੱਚ ਲੈਣ ਦੇ,,,
ਨੀ ਮੈਂ ਨੱਚਣਾ, ਮਈਆ ਦੇ,,,,,,,,,,,,,,,
^
ਮਈਆ ਜੀ ਦੀ, ਕਮਲੀ ਹੋ ਗਈ।
ਮਾਂ ਦੇ ਖਿਆਲਾਂ, ਦੇ ਵਿੱਚ ਖ਼ੋਹ ਗਈ॥
ਓ ਮੇਰੀ ਮਈਆ/ਦਾਤੀ ਹੈ,,, ਜੈ ਹੋ ||| ਬਖਸ਼ਣਹਾਰ,
ਅੱਜ ਮੈਨੂੰ ਨੱਚ ਲੈਣ ਦੇ,,,
ਨੀ ਮੈਂ ਨੱਚਣਾ, ਮਈਆ ਦੇ,,,,,,,,,,,,,,,
^
ਦੁਨੀਆਂ ਅੱਗੇ ਮੈਂ, ਨੱਚਿਆ ਵਥੇਰਾ।
ਪਰ ਕੋਈ ਨਾ, ਬਣਿਆ ਮੇਰਾ॥
ਸੂਰੀ ਕੀ ਕਰਨਾ,,, ਜੈ ਹੋ ||| ਸੰਸਾਰ,
ਅੱਜ ਮੈਨੂੰ ਨੱਚ ਲੈਣ ਦੇ,,,
ਨੀ ਮੈਂ ਨੱਚਣਾ, ਮਈਆ ਦੇ,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27062/title/nachna-mayia-de-dwar

अपने Android मोबाइल पर BhajanGanga App डाउनलोड करें और भजनों का आनंद ले |